# ਰੂਹ ਰਾਗ

(ਕਾਵਿ-ਸੰਗ੍ਰਹਿ)

**ਇਸੇ ਕਲਮ ਤੋਂ:**

- ਰੂਹ ਦੀ ਉਡਾਰੀ (ਸਾਂਝਾ ਕਹਾਣੀ-ਸੰਗ੍ਰਹਿ)1997
- ਆਸਾਂ ਦੇ ਦੀਵੇ (ਸਾਂਝਾ ਕਾਵਿ-ਸੰਗ੍ਰਹਿ) 2000
- ਕਿਵੇਂ ਕਹਾਂ (ਕਾਵਿ-ਸੰਗ੍ਰਹਿ) 2005
- ਅਹਿਸਾਸ ਆਪਣਾ ਆਪਣਾ (ਸਾਂਝਾ ਕਾਵਿ-ਸੰਗ੍ਰਹਿ) 2012

# ਰੂਹ ਰਾਗ

ਪ੍ਰਭਜੋਤ ਸੋਹੀ

ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ।

**ROOH RAAG**

*by* **Prabhjot Sohi**
***V & P.O. Sohian, Tehsil: Jagraon***
***Distt. Ludhiana (Pb.)-142023***
***Ph: 98761-34028***
***E-mail: prabhjot_sohi@yahoo.com***



| | | |
|---|---|---|
| ISBN | : | 978-93-81105-34-4 |
| Year | : | 2014 |
| © | : | Poet |
| Publishers | : | Prateek Publications,<br>718, Ranjit Nagar-A, Patiala.(Pb.)<br>98882-92825 |
| Printer | : | Aarna Printing Solutions<br>Patiala |
| Price | : | 150/- Rs. |

## ਸਮਰਪਣ

ਬੇਹੱਦ ਪਿਆਰ ਕਰਨ ਵਾਲੇ
ਪਰਿਵਾਰ ਨੂੰ...

ਨਿੱਜ ਲਈ ਜਿਉਣਾ ਮਰਨਾ
ਨਹੀਂ ਜ਼ਿੰਦਗੀ ਦਾ ਹਾਸਿਲ
ਡੁੱਬਦੇ ਲਈ ਬਣ ਤਿਣਕਾ
ਰੋਗੀ ਲਈ ਦਵਾ ਸੱਜਣਾ।

## ਤਰਤੀਬ


| | |
|---|---|
| ਉਹ ਹੱਸ ਪਈ | 9 |
| ਆਦਮੀ | 10 |
| ਅ-ਤ੍ਰਿਪਤ | 11 |
| ਇੱਕ ਪਲ .... ਜ਼ਿੰਦਗੀ | 12 |
| ਕਿਉਂ ਉਦਾਸ ਹੋਂ | 13 |
| ਘਟ ਅੰਦਰ | 15 |
| ਕਲਪੁਰਜ਼ੇ | 17 |
| ਰੂਹ ਦਾ ਕਿਣਕਾ | 19 |
| ਕਰਬਲਾ | 20 |
| ਰਾਸ | 22 |
| ਅ-ਬੰਧਨ | 24 |
| ਫ਼ਿਕਰ | 26 |
| ਅਪਾਹਿਜ-1 | 28 |
| ਅਪਾਹਿਜ-2 | 29 |
| ਪੁਰਾਣਾ ਪੱਤ | 30 |
| ਅਸੀਂ ਦੋਵੇਂ | 31 |
| ਕੌਣ ਨੇ | 32 |
| ਤਮਾਸ਼ਾ | 34 |
| ਖਜ਼ਿਆਰ | 35 |
| ਖਤਰਨਾਕ | 37 |
| ਤੂੰ | 38 |
| ਉਦਾਸ ਆਦਮੀ | 39 |
| ਉਂਝ ਤਾਂ | 40 |
| ਨਿਸ਼ਬਦ | 41 |
| ਮੈਂ ਹਾਂ ਉਦਾਸ ਕਿਉਂ | 42 |
| ਹਾਲੇ ਬੱਚਾ ਹੈ | 43 |
| ਅਕਸਰ ਹੀ ਇੰਝ ਹੁੰਦਾ ਹੈ | 45 |
| ਜਦੋਂ ਚੁੱਪ ਬੋਲਦੀ ਹੈ | 47 |
| ਫੁੱਲ | 49 |


## ਤਰਤੀਬ


| | |
|---|---|
| ਭਟਕਣ | 50 |
| ਹੱਥ ਪੈਰ | 51 |
| ਗ਼ੈਰ ਹਾਜ਼ਰ | 52 |
| ਜ਼ਿੰਦਗੀ ਚੱਲਦੀ ਹੈ | 53 |
| ਡੈੱਥ ਸਨਟੈਨਸ | 55 |
| ਲਾਲ ਚੂੜਾ | 56 |
| ਵਜੂਦ | 58 |
| ਸਮਰਪਣ | 59 |
| ਚਿਹਰਿਆਂ ਤੋਂ ਪਤੇ | 60 |
| ਸੰਬੰਧ | 61 |
| ਉਹ ਕਹਿੰਦਾ ਸੀ | 62 |
| ਕੱਲ੍ਹ ਤੋਂ | 63 |
| ਪਿਆਸ | 64 |
| ਯਾਦ | 65 |
| ਆਮ | 66 |
| ਰੋਗਾਂ ਘਾਣਿ | 67 |
| ਅਨਹਦ | 69 |
| ਕਵਿਤਾ ਨੂੰ ਜਿਉਣਾ | 70 |
| ਕਦ ਕਵਿਤਾ | 72 |
| ਵਰਜਿਤ | 74 |
| ਉਸ ਸਮੇਂ | 76 |
| ਕਾਵਿ-ਚਿੱਤਰ | 79 |

## ਉਹ ਹੱਸ ਪਈ

ਉਹ ਉਦੋਂ ਹੱਸ ਪਈ
ਜਦੋਂ ਸਾਰੀਆਂ
ਰੋਂਦੀਆਂ ਨੇ।
ਗਰੀਬ ਪਿਉ ਨੇ
ਥੁੜਾਂ..
ਮਜਬੂਰੀਆਂ
ਲਾਚਾਰੀਆਂ ਸੰਗ
ਦੋ ਚਾਰ ਹੁੰਦੇ
ਸਿਰਤੋੜ ਕੋਸ਼ਿਸ਼ਾਂ
ਬਾਅਦ
ਲੱਭ ਹੀ ਲਿਆ
'ਇੱਕ ਯੋਗ ਵਰ'
ਰਾਣੀ ਧੀ ਲਈ
...
ਡੋਲੀ ਚੜ੍ਹਨ ਲੱਗੀ
ਉਹ ਹੱਸ ਪਈ
ਅਚਾਨਕ !
ਆਪ ਮੁਹਾਰੇ
ਸੁਤੇ ਸਿਧ
ਬਾਬਲ ਸਿਰੋਂ
ਪਰਬਤਾਂ ਦਾ ਭਾਰ
ਲੱਥਦੇ ਤੱਕ... ਸੋਚ।
ਉਹ ਉਦੋਂ ਹੱਸ ਪਈ
ਜਦੋਂ ਸਾਰੀਆਂ
ਰੋਂਦੀਆਂ ਨੇ।



## ਆਦਮੀ

ਮੇਰੇ ਨਾਲ ਨਾਲ ਰਹਿੰਦੈ ਇੱਕ ਹੋਰ ਆਦਮੀ,
ਕਦੇ ਸਾਧ ਹੁੰਦੈ ਕਦੇ ਹੁੰਦਾ ਚੋਰ ਆਦਮੀ।

ਕਦੇ ਫੁੱਲਾਂ ਵਾਂਗੂੰ ਆਪੇ ਹਾਕ ਮਾਰ ਕੇ ਬੁਲਾਵੇ,
ਕਦੇ ਗੱਲ ਵੀ ਨਾ ਸੁਣੇ ਨਿਰਾ ਥੋਰ ਆਦਮੀ।

ਕਦੇ ਨਦੀਆਂ ਦੇ ਵਾਂਗ ਚੁੱਪਚਾਪ ਤੁਰੀ ਜਾਵੇ,
ਵਾਂਗ ਸਾਗਰਾਂ ਦੇ ਪਾਵੇ, ਕਦੇ ਸ਼ੋਰ ਆਦਮੀ।

ਧਰਤ ਪਿਆਸੀ ਤੱਕ ਮੂੰਹ ਫੇਰ ਲਵੇ ਕਦੇ,
ਕਦੇ ਚੜ੍ਹ ਚੜ੍ਹ ਆਵੇ ਘਣਘੋਰ ਆਦਮੀ।

ਬੁੱਕਲ ਉਦਾਸੀ ਵਿੱਚੋਂ ਸਿਰ ਵੀ ਨਾ ਚੁੱਕੇ ਕਦੇ,
ਕਦੇ ਝੂਮੇ, ਪੈਲਾਂ ਪਾਵੇ, ਬਣੇ ਮੋਰ ਆਦਮੀ।

ਅੜੇ ਥੁੜੇ ਕੰਮ ਆਵੇ ਜਾਨ ਤੱਕ ਵਾਰ ਦੇਵੇ,
ਗੱਲ ਦਿਲ ਨੂੰ ਜੇ ਲਾ ਜੇ ਕੱਢੇ ਖੋਰ ਆਦਮੀ।

ਆਪਣੀ ਹੀ ਚੁੱਪ ਸੰਗ ਲਹਿਜੇ ਪਤਾਲ਼ੀਂ ਕਦੇ,
ਕਦੇ ਸਤਹ ਉੱਤੇ ਆ ਕੇ ਹੋ ਜੇ ਸ਼ੋਰ ਆਦਮੀ।

## ਅ-ਤ੍ਰਿਪਤ

ਰਹਿਮਤ 'ਚ ਕਿੱਥੇ ਦੇਰ ਸੀ,
ਮੇਰੇ ਮਨ 'ਚ ਹੀ ਹਨੇਰ ਸੀ।
ਮੈਥੋਂ ਨਾ ਦੇਖ ਹੋਇਆ,
ਆਇਆ ਉਹ ਜਿੰਨੀ ਵੇਰ ਸੀ।

ਸੁਣਿਐ ਕਿ ਉਹ ਹੁਸੀਨ ਸੀ,
ਪਰ ਪਰਦਾ ਇੱਕ ਮਹੀਨ ਸੀ।
ਛਲਕਦਾ ਸਾਗਰ ਸੀ ਉਹ,
ਇਹ ਰੇਤਲੀ ਜ਼ਮੀਨ ਸੀ।

ਉਸਨੂੰ ਬੁਲਾਵਾਂ ਕਿਸ ਤਰ੍ਹਾਂ,
ਗੁਣਗਾਣ ਗਾਵਾਂ ਕਿਸ ਤਰ੍ਹਾਂ।
ਤਿੜਕੀਆਂ ਖਾਹਿਸ਼ਾਂ ਨੂੰ ਲੈ,
ਉਹਦੇ ਦਰ ਤੇ ਜਾਵਾਂ ਕਿਸ ਤਰ੍ਹਾਂ।

ਪਾਣੀ ਤੇ ਤਰਦਾ ਪੱਤ ਸੀ,
ਇੰਨੀ ਕੁ ਮੇਰੀ ਮੱਤ ਸੀ।
ਉਹ ਵਹਿ ਗਿਆ ਮੈਂ ਰਹਿ ਗਿਆ,
ਉਹਦੀ ਖਸਮ ਦੇ ਹੱਥ ਨੱਥ ਸੀ।

ਮੈਨੂੰ ਰੋਣ ਦੇ ਜਾਂ ਮੌਨ ਦੇ,
ਕਿਸੇ ਪਾਸੇ ਦਾ ਤਾਂ ਹੋਣ ਦੇ।
ਵਸਲਾਂ ਦੀ ਬਖਸ਼ਿਸ਼ ਕਰ ਜ਼ਰਾ,
ਜਾਂ ਬਿਰਹਾ ਦੇ ਹੰਝੂ ਚੋਣ ਦੇ।



## ਇੱਕ ਪਲ .... ਜ਼ਿੰਦਗੀ

ਦੂਰ ਕਿਤੇ
ਗੂੰਜਦੀ
ਬਾਂਸੁਰੀ...
ਕਿਸੇ ਫੁੱਲ ਪੱਤੀ ਦੇ
ਸਿਰੇ ਤੇ
ਅਟਕਿਆ
ਤ੍ਰੇਲ ਤੁਪਕਾ...
ਗਿੱਧੇ 'ਚ ਪੂਰਾ
ਜ਼ੋਰ ਲਾ ਕੇ ਹਟੀ
ਮੁਟਿਆਰ ਦੇ
ਮੱਥੇ ਦਾ ਮੋਤੀ...
ਅੰਬਰਾਂ 'ਚ
ਘਰ ਮੁੜਦੇ
ਪੰਛੀਆਂ ਦੀ ਡਾਰ...
ਨਿੱਕੀ ਜਿਹੀ ਗੱਲ ਤੇ
ਖਿੜ ਖਿੜ ਹੱਸਦਾ
ਮਾਸੂਮ ਬਾਲ...
ਉਦਾਸੀ ਦੇ ਆਲਮ 'ਚ
ਜ਼ਿਹਨ 'ਚ ਕੌਂਧਿਆ
ਇੱਕ ਖੁਸ਼ਨੁਮਾ ਖ਼ਿਆਲ...
ਕਿਵੇਂ
ਕਦੋਂ
ਅਤੇ ਕਿੱਥੇ ਕਿੱਥੇ
ਸਾਕਾਰ ਹੋ ਰਹੀ
ਇਹ
ਇੱਕ ਪਲ ... ਜ਼ਿੰਦਗੀ।

## ਕਿਉਂ ਉਦਾਸ ਹੋਂ

ਆਖਿਰ ਕਿਉਂ
ਉਦਾਸ ਹੋਂ
ਹਜ਼ੂਰ..
ਆਹ ਲਓ
ਇੱਕ ਲੱਪ
ਖੁਸ਼ੀਆਂ ਦੀ ਤੇ
ਇੱਕ ਰੁੱਗ
ਹਾਸਿਆਂ ਦਾ।
ਕਰੋ ਖਾਰਜ
ਉਦਾਸੀਆਂ
ਬੁੱਲ੍ਹਾਂ ਤੇ
ਲਿਆਓ ਹਾਸੀਆਂ।
ਭਰੋ
ਸੁਪਨਿਆਂ 'ਚ ਰੰਗ
ਛਣਕਣ ਦਿਓ ਵੰਗ
ਨੱਚੇ ਅੰਗ ਅੰਗ।
ਇੱਕ ਵਾਰ
ਫਿਰ ਤੋਂ
ਰੁਕੋ...
ਤੱਕੋ...
ਸੋਚੋ...
ਇਹ ਸਤਰੰਗੀ ਪੀਂਘ
ਭੰਵਰੇ ਦੀ ਗੂੰਜ
ਤ੍ਰੇਲ ਦਾ ਨਿੱਕਾ ਜਿਹਾ
ਤੁਪਕਾ
ਮਹਿਕਦੀ ਬਾਰਿਸ਼
ਗਾਉਂਦੇ ਪਰਿੰਦੇ
ਝੂਮਦੇ ਪੇੜ ਪੌਦੇ
ਸਮੁੱਚੀ ਕਾਇਨਾਤ



ਕਿੰਨੀ ਤਤਪਰ ਹੈ
ਤੁਹਾਡਾ ਸਾਥ ਦੇਣ ਲਈ।
ਰੁਕੋ...
ਤੱਕੋ...
ਸੋਚੋ...
ਆਖਿਰ ਕਿਉਂ
ਉਦਾਸ ਹੋਂ
ਹਜ਼ੂਰ !

## ਘਟ ਅੰਦਰ

ਸੂਰਜ ਦੀ
ਪਲੇਠੀ ਕਿਰਨ
ਕਿਰਤ 'ਚ ਮਗਨ
ਇੱਕ ਕਿਸਾਨ।
ਮਿੱਟੀ ਮਿੱਟੀ
ਇੱਕ ਸੁਰ
ਇੱਕ ਜਾਨ
ਕਿਰਤ ਤੇ ਕਰਤਾ
ਹਨ ਅਭੇਦ
ਮੁੱਖ ਤੇ ਨੱਚਦੀ
ਪਈ ਮੁਸਕਾਨ।
ਲੀਨਤਾ ਦੀ
ਮੂਰਤ ਤਾਈਂ
ਚੌਰ ਕਰਦੀ
ਪਈ ਹਵਾ
ਬਾਹਰ ਖੂਬ
ਸ਼ੋਰ ਹੈ ਭਾਵੇਂ
ਘਟ ਅੰਦਰ
ਪਰ
ਇੱਕ ਟਿਕਾਅ...

ਸੂਰਜ ਦੀ
ਪਲੇਠੀ ਕਿਰਨ
ਪਾਣੀ ਦਾ ਗੜਵਾ
ਧੂਫ਼ ਸਮੱਗਰੀ
ਸੁੰਦਰ ਆਸਣ
ਮਹਾਂ ਸਿੰਘਾਸਣ
ਕਰ ਰਿਹੈ
'ਭਗਤੀ'



ਇੱਕ ਸਾਧ।
ਅੱਖਾਂ ਨੂਟੇ
ਆਸਣ ਬਦਲੇ
ਪਰ ਮਨ
ਨਾ ਟਿਕੇ
ਇਹ ਨਾ ਮੁਰਾਦ।
ਬਾਹਰ
ਸ਼ਾਂਤੀ ਅਤੇ ਟਿਕਾਅ
ਘਟ ਅੰਦਰ
ਪਰ ਤੂਫਾਨ
ਫੈਲਾਅ...।

## ਕਲਪੁਰਜ਼ੇ

ਮੈਂ
ਮਸ਼ੀਨਾਂ ਤੋਂ
ਸੰਵੇਦਨਾ ਦੀ
ਆਸ ਨਹੀਂ ਰੱਖੀ
ਕਦੇ ਵੀ...
ਮੇਰੇ ਖਿਆਲਾਂ
ਵਿੱਚ ਵੀ
ਧੜਕਦਾ ਹੋਇਆ
ਪੱਥਰ ਜਾਂ
ਅੱਖ ਝਪਕਦਾ ਬੁੱਤ
ਸਾਕਾਰ ਨਹੀਂ
ਹੋਇਆ ਕਦੇ..
ਪਰ ਇਨਸਾਨੀ ਬਾਣੇ
ਵਿੱਚ ਵਿਚਰਦੇ ਰੋਬੋ !
ਹਸਪਤਾਲਾਂ
ਥਾਣਿਆਂ
ਕਚਹਿਰੀਆਂ
ਦੇ ਬਨੇਰਿਆਂ ਤੇ
ਬੈਠੀਆਂ
ਇਲੈਕਟ੍ਰਾਨਿਕ ਗਿਰਝਾਂ!
ਅੰਤਹੀਣ
ਦਿਸ਼ਾ ਰਹਿਤ
ਦੌੜ 'ਚ
ਸ਼ਾਮਿਲ
ਭਾਵਹੀਣ
ਸਵੈ ਚਾਲਿਤ
'ਕਲਬੂਤ'
ਨਾਂ ਚਾਹੁੰਦਿਆਂ ਵੀ
ਮਿਲ ਹੀ ਜਾਂਦੇ ਨੇ



ਰਾਹ ਚਲਦਿਆਂ...
ਤੇ ਫਿਰ
ਅੱਖ ਮਿਲਾਉਣ ਤੋਂ
ਦਿਲ ਮਿਲਾਉਣ ਦੇ
ਵਿਚਕਾਰ ਹੀ
ਕਿਧਰੇ
ਅਹਿਸਾਸਾਂ ਦਾ
'ਗਰਭਪਾਤ'
ਹੋ ਜਾਂਦੈ
ਨਹੀਂ ਤਾਂ
ਮੈਂ
ਮਸ਼ੀਨਾਂ ਤੋਂ
ਸੰਵੇਦਨਾ ਦੀ
ਆਸ ਨਹੀਂ ਰੱਖੀ
ਕਦੇ ਵੀ...।

## ਰੂਹ ਦਾ ਕਿਣਕਾ

ਕੀ ਪਤਾ ਕਦ ਗੀਤ ਬਣ।
ਬੁੱਲ੍ਹੀਆਂ ਦੇ ਦਰ ਆਵੇ।
ਰੂਹ ਤੇਰੀ ਦਾ ਕਿਣਕਾ,
ਸੱਖਣੇਪਣ ਨੂੰ ਭਰ ਜਾਵੇ।

ਬਹੁਤ ਸਾਰੇ ਸ਼ਬਦ ਸੀ,
ਪਰ ਨਾ ਸੀ ਉਸਦੇ ਮੇਚ ਦੇ।
ਲੱਭਿਆ ਨਾ ਐਸਾ ਸ਼ਬਦ,
ਜੋ ਕਰਾਮਾਤ ਕਰ ਜਾਵੇ।

ਅਜਬ ਸੀ ਉਸਦੀ ਨਿਯਮਾਵਲੀ,
ਵੱਖਰਾ ਹੀ ਇੱਕ ਦਸਤੂਰ ਸੀ।
ਮਿਲਦੀ ਸੀ ਉਦੋਂ ਹੀ ਜ਼ਿੰਦਗੀ,
ਜਦੋਂ ਕੋਈ ਮਰ ਜਾਵੇ।

ਲਿਸ਼ਕ ਜਾਵੇ ਬੂੰਦ ਇੱਕ,
ਨੈਣਾਂ 'ਚ ਪਲ ਭਰ ਦੇ ਲਈ।
ਸਾਹਾਂ ਦੇ ਦਰਮਿਆਨ ਜਦ,
ਹਉਕਾ ਕੋਈ ਠਰ ਜਾਵੇ।

ਕਦੇ ਏਸ ਥਾਂ ਕਦੇ ਓਸ ਥਾਂ,
ਰਿਹਾ ਭਟਕਦਾ ਹੀ ਰਹਿਨੁਮਾ
ਸੀ ਉਹ ਮੁੱਦਤਾਂ ਤੋਂ ਲੋਚਦਾ,
ਕਦੇ ਆਪਣੇ 'ਘਰ' ਜਾਵੇ।

ਕੀ ਪਤਾ ਕਦ ਗੀਤ ਬਣ,
ਬੁੱਲ੍ਹੀਆਂ ਦੇ ਦਰ ਆਵੇ।



## ਕਰਬਲਾ

ਮੇਰੇ ਅੰਦਰ
ਕੱਚੀ ਉਮਰੇ
ਦਮ ਤੋੜਦੀਆਂ
ਨਜ਼ਮਾਂ ਦਾ
ਵਿਰਲਾਪ ਹੈ...
ਅੱਖਰ
ਸ਼ਬਦ
ਵਾਕ
ਇੱਕ ਦੂਜੇ 'ਚ
ਰਲ਼ਗੱਡ
ਅਹਿਸਾਸ ਦੀਆਂ
ਖੂੰਟੀਆਂ ਤੇ
ਲਟਕੇ
ਤੱਕ ਰਹੇ ਨੇ
ਬੇ-ਵਿਸਾਹੀ ਜਿਹੀ
ਨਾਲ
ਇੱਕ ਦੂਜੇ ਵੱਲ...
ਇਹ ਕਿਸ ਤਰ੍ਹਾਂ ਦੀ
ਦੌੜ 'ਚ ਹਾਂ ਕਿ
ਬੇਅੰਤ ਮੀਲਾਂ
ਦੇ ਸਫ਼ਰ ਉਪਰੰਤ
ਵੀ ਖੜ੍ਹਾ ਹਾਂ
ਉਥੇ ਹੀ..
ਭੌਤਿਕਤਾ ਦਾ
ਅਜਗਰ
ਨਿਗਲ ਰਿਹੈ
ਸੂਖਮਤਾ ਦੇ ਪਰਿੰਦੇ
ਤੇ ਜਜ਼ਬਿਆਂ ਦੀ
ਖੁਦਕੁਸ਼ੀ ਸਿਰਜ ਰਹੀ ਹੈ

ਨਿੱਤ ਨਵਾਂ ਕਰਬਲਾ...
ਹਰ ਜਨਮ
ਰੂਹ ਨੂੰ
ਪਿਆਸ ਦਾ
ਵਰਦਾਨ ਹੈ ਤੇ
ਸੁੰਨੇਪਣ ਦਾ
ਸਰਾਪ ਹੈ
ਮੇਰੇ ਅੰਦਰ
ਕੱਚੀ ਉਮਰੇ
ਦਮ ਤੋੜਦੀਆਂ
ਨਜ਼ਮਾਂ ਦਾ
ਵਿਰਲਾਪ ਹੈ।



## ਰਾਸ

ਵਗਦੀ ਹਵਾ
ਵਿੱਚੋਂ
ਕਿਰਨ ਲੱਗ ਜਾਣਾ
ਸੰਗੀਤ...
ਉਦਾਸ ਬੈਠੇ
ਅਚਾਨਕ
ਬੁੱਲ੍ਹਾਂ ਤੇ
ਆ ਜਾਣਾ
ਕੋਈ ਗੀਤ...
ਉਜਾੜ
ਬੀਆਬਾਨ
ਬਸਤੀ 'ਚ
ਆਮਦ
ਫੁੱਲਾਂ ਤੇ ਝਰਨਿਆਂ ਦੀ
ਅਲਸਾਏ ਅੰਗਾਂ 'ਚ
ਹਰਕਤ ਤੇ
ਉਡਾਰੀ ਫੁਰਨਿਆਂ ਦੀ।
ਸ਼ੋਖ ਰੰਗ
ਸੰਦਲੀ ਮਹਿਕ
ਤੇ ਇੱਕ ਤਿਤਲੀ
ਸੰਧੂਰੀ ਰਾਹ
ਦੇ ਵਿੱਚ
ਸੈਨਤ ਕੋਈ ਮਿਲੀ
ਤਿਪ ਤਿਪ
ਬੂੰਦ ਬੂੰਦ
ਫੈਲਦਾ ਕੋਈ
ਰਸ
ਕੰਨੀਂ ਘੁਲ੍ਹੇ
ਨਹੀਂ ਪਰ

ਬੋਲਦਾ ਕੋਈ...
ਇਹ
ਸਾਹਾਂ 'ਚ ਸੂਰਜ
ਤੇ ਉਹ ਓੜਨੀ
ਮਖ਼ਮਲ ਦੀ
ਇਹੀ ਬੱਸ
ਰਾਸ ਹੈ
ਉਸ ਪਿਆਰ ਭਰੇ
ਪਲ ਦੀ।



## ਅ-ਬੰਧਨ

ਖਿੜਕੀ
ਖੁੱਲਦੀ ਹੈ
ਤੇਰੇ ਵੱਲ ਦੀ
ਤਾਂ ਵਗ ਪੈਂਦਾ ਹੈ
ਦਰਿਆ
ਮੁਹੱਬਤ ਦਾ।
ਅਸਰ ਹੈ
ਕੋਈ
ਤੇਰੀ ਸੁਹਬਤ ਦਾ
ਕਿ ਜਾਗ ਪੈਂਦੇ ਨੇ
ਸੁਪਨੇ
ਅੰਗੜਾਈ ਭਰਦੇ ਨੇ
ਹਿੱਕ 'ਚ
ਦੱਬੇ
ਨਗਮੇ
ਹਵਾ
ਲਟਬੌਰੀ ਹੋ
ਘੁੱਟ ਲੈਂਦੀ ਹੈ
ਮੈਨੂੰ ਕਸ ਕੇ...
ਦਰਗਾਹੀ
ਆਲਿੰਗਨ
ਜਿਵੇਂ ਕੋਈ।
ਅਰਮਾਨ
ਬੇ-ਕਾਬੂ ਹੋ
ਲੰਘ ਜਾਂਦੇ ਨੇ
ਦੇਖਣ ਸੁਨਣ ਤੇ
ਸੋਚਣ ਦੀ ਹੱਦ
ਤੋਂ ਵੀ ਪਰ੍ਹੇ।
ਤੇਰੀ ਸੁਗੰਧਿਤ

ਹਾਜ਼ਰੀ
ਸਰਗਮ...
ਸਤਰੰਗੀ...
ਸੱਧਰ ਕੋਈ
ਅਛੋਪਲੇ ਜਿਹੇ
ਕੋਲ ਆ ਬਹੇ
ਕੰਨਾਂ ਵਿੱਚ ਹੋਣ
ਸਰਗੋਸ਼ੀਆਂ
ਜਾਂ ਕੁਝ ਕਹੇ।
ਤੈਨੂੰ ਲੱਭਦਾ
ਮੈਂ ਗੁਆਚ ਜਾਵਾਂ
ਸਦਾ ਹੀ
ਨਰ, ਮਾਦਾ ਦੇ
ਅਹਿਸਾਸ ਤੋਂ ਅਗੇਰੇ
ਇੱਕ ਸੰਸਾਰ
ਅ-ਪ੍ਰਗਟ ਤੰਦ...।
ਅ-ਬੰਧਨ।



## ਫਿਕਰ

ਦੋਸਤਾਂ, ਮਿੱਤਰਾਂ,
ਜਾਣੂਆਂ
ਸੰਬੰਧੀਆਂ 'ਚ
ਖੜ੍ਹ ਕੇ
ਪੋਥੀਆਂ, ਗਰੰਥਾਂ
ਜਾਂ ਕਿਤਾਬਾਂ ਵਿੱਚੋਂ
ਕੁਝ ਪੜ੍ਹ ਕੇ
ਅਕਸਰ
ਉਹ ਆਖਦਾ-
ਵਰਤਮਾਨ 'ਚ ਜੀਓ
ਏਥੋਂ ਕੀ ਲੈ ਜਾਣਾ
ਨਿਰ੍ਹਾ ਪੈਸਾ ਈ ਸਭ ਕੁਝ ਨੀ
ਬੰਦੇ ਨੂੰ
ਖੁਸ਼ ਰਹਿਣਾ ਚਾਹੀਦੈ...
ਚਾਰ ਦਿਨ ਦੀ ਤਾਂ
ਜ਼ਿੰਦਗੀ ਆ
ਕੱਲ ਕੀਹਨੇ ਦੇਖਿਆ
ਅਜਿਹਾ ਹੀ
ਬੜਾ ਕੁਝ
ਚੜ੍ਹਦੀ ਕਲਾ ਵਰਗਾ।
ਪਰ ਇੰਝ ਹੀ
ਗੱਲਾਂ ਕਰਦਾ ਕਰਦਾ
ਜਦ ਕਦੇ
ਉਹ ਝਾਤੀ ਮਾਰਦਾ
ਆਪਣੇਂ ਧੁਰ ਅੰਦਰ
ਤਾਂ ਕੰਬ ਜਾਂਦਾ
ਉਸਦਾ ਵਜੂਦ
ਅੰਦਰ ਤਾਂ
ਵਿਉਂਤਬੰਦੀਆਂ

ਤਿਫਲ ਤਸੱਲੀਆਂ
ਵਾਧੇ ਘਾਟੇ
ਸਕੀਮਾਂ...
ਫਿਕਰ ਭਲਕ ਦਾ।



## ਅਪਾਹਿਜ-1
(ਸਟੀਫਨ ਹਾਈਕਿੰਗ ਦੇ ਨਾਂ)

ਵਿਗਿਆਨਕ ਯੰਤਰਾਂ 'ਚ
ਘਿਰੀ ਇੱਕ ਕੁਰਸੀ
ਅਤੇ
ਉਸ ਤੇ ਬਿਰਾਜਮਾਨ
ਲਗਨ, ਦ੍ਰਿੜਤਾ ਤੇ ਹੌਂਸਲੇ
ਦੀ ਮੂੰਹ ਬੋਲਦੀ ਤਸਵੀਰ।
ਕੰਪਿਊਟਰ ਮਾਊਸ ਤੇ ਹੱਥ
ਅਤੇ
ਅੱਖਾਂ ਵਿੱਚ
ਬ੍ਰਹਿਮੰਡ ਦੇ
ਅਣਸੁਲਝੇ ਰਹੱਸਾਂ
ਤੱਕ ਪਹੁੰਚਣ ਦੀ ਲਲਕ।
ਸਮਾਧੀ ਦੀ ਹਾਲਤ
ਸਰੀਰ ਹੈ
ਅਪਾਹਿਜ
ਪਰ ਸੋਚ ਨਹੀਂ...
ਜਜ਼ਬਾ ਨਹੀਂ...
ਚੱਲਣ ਫਿਰਨ ਤੋਂ
ਅਸਮਰੱਥ
ਪਰ ਕਲਪਨਾ
ਦੂਰੇਡੇ ਅਸਮਾਨਾਂ 'ਚ
ਕਰੇ ਪਰਵਾਜ਼
ਹਰ ਰੋਜ਼।
ਅੰਗਹੀਣਤਾ
ਖੁਦ ਸ਼ਰਮਿੰਦਾ ਹੈ
ਇਸ ਅੰਗਹੀਣ ਸਾਹਵੇਂ।

## ਅਪਾਹਿਜ – 2

ਅੱਧ ਪਚੱਧੇ
ਅੰਗਾਂ ਦੇ ਨਾਲ
ਮਿਹਨਤ ਕਰਕੇ
ਰੋਟੀ ਖਾਂਦਾ
ਘਰ ਚਲਾਉਂਦਾ
ਅਣਖ ਨਾਲ ਜਿਉਂਦਾ
ਉਹ ਪੂਰਾ ਆਦਮੀ।

ਬੇਗਾਨੀ ਮਿਹਨਤ
ਤੇ ਪਲ਼ਦਾ
ਰੱਤ ਚੂਸ
ਪਰਜੀਵੀ
ਪੂਰੇ ਅੰਗਾਂ ਵਾਲਾ
ਉਹ ਅਧੂਰਾ ਆਦਮੀ।



## ਪੁਰਾਣਾ ਪੱਤ

ਗ਼ਮਲੇ ਵਿਚਲਾ ਪੌਦਾ
ਕੱਢੇ ਨਵੀਂ ਕਰੂੰਬਲ
ਨਵੀਂ ਕਰੂੰਬਲ ਪੱਤ
ਬਣ ਜਾਂਦੀ
ਪੁਰਾਣਾ ਪੱਤ
ਪੀਲਾ ਪੈ ਜਾਂਦਾ।
ਮੈਂ ਕੈਂਚੀ ਫੜ
ਕੱਟ ਦਿੰਦਾ
ਪੀਲਾ ਤੇ
ਪੁਰਾਣਾ ਪੱਤ
ਮੇਰਾ ਬਜ਼ੁਰਗ ਪਿਤਾ
ਦੇਖਦੈ
ਸਭ ਕੁਝ
ਭਿੱਜੀਆਂ ਅੱਖਾਂ ਨਾਲ !

## ਅਸੀਂ ਦੋਵੇਂ

ਹੁਣ ਚੁੱਪ ਹਾਂ
ਅਸੀਂ ਦੋਵੇਂ !
ਇਹ ਚੁੱਪ
ਬਿੰਦੂ ਤੋਂ ਦਾਇਰਾ
ਬਣ
ਪਸਰ ਰਹੀ ਹੈ
ਮਨ ਦੀਆਂ ਗੁੱਠਾਂ 'ਚ
ਕਦੀ ਉੱਠਦੇ ਨੇ
ਵਲਵਲੇ
ਪਰ ਬੋਲ ਬਣਨ ਤੋਂ
ਪਹਿਲਾਂ ਹੀ
ਹੋ ਜਾਂਦੇ ਨੇ
ਜ਼ਿਬ੍ਹਾ...
ਭਾਵਨਾਵਾਂ ਤੇ ਸਵਾਰ
ਅਹੰ
ਸਾਡੇ ਤੇ ਹੱਸਦਾ ਹੈ
ਤੇ ਅਸੀਂ ਦੋਵੇਂ
ਚੁੱਪ ਹਾਂ।



## ਕੌਣ ਨੇ

ਦੱਸੋ ਤਾਂ
ਕੌਣ ਨੇ ਇਹ
ਜੋ
ਪੌਣ ਦੇ ਨੱਕ
ਨਕੇਲਾਂ
ਪਾ ਰਹੇ ਨੇ
ਕੱਟ ਕੇ
ਪਹਿਲਾਂ
ਪਰ ਪੰਛੀ ਦੇ
ਫਿਰ
ਉੱਡਣਾ ਸਿਖਾ ਰਹੇ ਨੇ...
ਭੁੱਖ ਨਾਲ
ਵਿਲਕਦੇ ਢਿੱਡਾਂ ਨੂੰ
ਵੰਝਲੀ ਦੀ ਤਾਨ
ਸੁਣਾ ਰਹੇ ਨੇ
ਕੌਣ ਨੇ...
ਦੇਖਣ ਨੂੰ
ਉਂਝ ਤਾਂ ਬੜੇ
ਸਾਦੇ ਨੇ
ਪਰ
ਇਹਨਾਂ ਨੇ ਹੀ
ਲੋਕਾਂ ਦੇ ਮੂੰਹੋਂ
ਕੱਢ ਨਿਵਾਲੇ ਖਾਧੇ ਨੇ।
ਜਨਤਾ ਨੂੰ
ਇਹ ਫਰਜ਼ ਬੜੇ
ਸਮਝਾਉਂਦੇ ਨੇ
ਗੱਲੀਂ ਬਾਤੀਂ
ਭੁੱਖਿਆਂ ਤਾਈਂ
ਰਜਾਉਂਦੇ ਨੇ

ਲੋੜ ਪੈਣ ਤੇ
ਅਸਮਾਨ ਨੂੰ
ਟਾਕੀ ਲਾਉਂਦੇ ਨੇ
ਕੌਣ ਨੇ...
ਉੱਠੋ, ਜਾਗੋ
ਪਛਾਣੋਂ ਜ਼ਰਾ
ਮਿੱਟੀ ਦਿਆਂ ਬੁੱਤਾਂ ਨੂੰ
ਚੋਰਾਂ ਦਿਆਂ ਪੁੱਤਾਂ ਨੂੰ
ਤੁਹਾਡੀ ਰੱਤ ਤੇ
ਪਲਣ ਵਾਲੇ
ਤੁਹਾਡੇ ਹੱਕਾਂ ਨੂੰ
ਚਰਨ ਵਾਲੇ
ਤੁਹਾਡੀ ਕਿਰਤ ਕਮਾਈ
ਨਾਲ ਆਪਣੀਆਂ ਜੇਬਾਂ
ਭਰਨ ਵਾਲੇ
ਕੀ ਇਹ
ਉਹੀ ਬੁੱਤ ਤਾਂ
ਨਹੀਂ
ਜਿਨ੍ਹਾਂ 'ਚ ਕਦੇ
ਖ਼ੁਦ ਤੁਸੀਂ ਹੀ
ਜਾਨ ਪਾਈ ਸੀ।



## ਤਮਾਸ਼ਾ

ਚੱਲ ਰਿਹੈ
ਦਿਨ ਰਾਤ
ਸੱਜੇ ਖੱਬੇ
ਅੱਗੇ ਪਿੱਛੇ
ਉੱਪਰ ਥੱਲੇ
ਅਸੀਂ ਸਾਰੇ
ਹੀ ਇਸ ਤਮਾਸ਼ੇ 'ਚ
ਹਾਂ ਸ਼ਾਮਿਲ
ਕੁਝ ਮਰਜ਼ੀ ਨਾਲ
ਤੇ ਕੁਝ ਮਰਜ਼ੀ ਵਿਰੁੱਧ
ਮਦਾਰੀ ਰੂਪੋਸ਼ ਹੈ
ਕੋਈ ਥੁਹ ਟਿਕਾਣਾਂ
ਨਹੀਂ ਪੱਕਾ
ਸਿਰਫ਼
ਹੁਕਮ ਹੈ...
ਕਠਪੁਤਲੀ ਨਾਚ
ਦਿਨ ਰਾਤ
ਬੱਸ ਕੁਝ
ਛਿਣਾਂ ਦੀ
ਮਸਤੀ
ਮਸ਼ਹੂਰੀ
ਜਾਂ ਫਿਰ ਮਜ਼ਬੂਰੀ
ਤਮਾਸ਼ਾ
ਚੱਲ ਰਿਹੈ
ਬਾਦਸਤੂਰ...
ਦਿਨ ਰਾਤ
ਸੱਜੇ ਖੱਬੇ
ਅੱਗੇ ਪਿੱਛੇ
ਉੱਪਰ ਥੱਲੇ।

## ਖ਼ਜ਼ਿਆਰ

ਐ !
ਧਰਤੀ ਤੇ ਉੱਤਰੀ
ਸੁੰਦਰਤਾ
ਜੀ ਚਾਹੇ
ਆਪਣੇ ਅੰਦਰ
ਉਤਾਰ ਲਵਾਂ
ਤੇਰੀ ਸਾਰੀ
ਹਰਿਆਵਲ
ਤੇ ਹਰਾ ਭਰਾ
ਕਰ ਲਵਾਂ
ਆਪਣਾਂ ਆਪ
ਮੁੱਕ ਜਾਵੇ
ਅੰਦਰੋਂ
ਸੋਕਾ.. ਤਲਖੀ... ਅਕੇਵਾਂ
ਅਤੇ ਹੋਰ ਕਿੰਨਾਂ ਕੁਝ
ਨਾ ਖੁਸ਼ਗਵਾਰ।
ਜੀ ਚਾਹੇ
ਸਮੋ ਲਵਾਂ
ਆਪਣੇ ਜ਼ਿਹਨ 'ਚ
ਤੇਰੀ ਸਾਰੀ
'ਚੁੱਪ ਦਾ ਸੰਗੀਤ'
ਤਾਂ ਕਿ
ਬੰਦ ਹੋ ਜਾਵੇ
ਬੇਲੋੜਾ ਸ਼ੋਰ
ਉਥਲ ਪੁਥਲ
ਤੇ ਮਾਨਸਿਕ ਅਰਾਜਿਕਤਾ
ਜੀ ਚਾਹੇ
ਕਰ ਲਵਾਂ
ਇੱਕ ਸੁਰ



ਆਪਣਾ ਸਮੁੱਚਾ
ਵਜੂਦ
ਤੇਰੀ ਹੋਂਦ ਨਾਲ
ਤਾਂ ਕਿ
ਮੈਂ ਵੀ
ਜਾਗਦਿਆਂ 'ਚ
ਹੋ ਸਕਾਂ ਸ਼ਾਮਿਲ
ਤੇ
ਫੁੱਟ ਸਕੇ ਕੋਈ
ਅੰਕੁਰ
ਮੇਰੇ
ਅੰਦਰ ਵੀ।

## ਖਤਰਨਾਕ

ਸੰਘਰਸ਼ ਦਾ
ਬਾਹਰੀ ਰੂਪ ਹੀ
ਖਤਰਨਾਕ
ਨਹੀਂ ਹੁੰਦਾ ਸਿਰਫ
ਹੱਕਾਂ ਵਾਸਤੇ ਲੜਨਾ
ਜਾਂ
ਕਿਸੇ ਮਜ਼ਲੂਮ ਦੀ ਖਾਤਰ
ਮਰਨਾ
ਉੱਠ ਖਲੋਣਾ
ਕਿਸੇ ਧੱਕੇ ਖਿਲਾਫ
ਤੇ ਡਟ ਜਾਣਾ
ਚੱਟਾਨ ਦੀ ਤਰ੍ਹਾਂ
ਇਸ ਤੋਂ ਵੀ
ਜ਼ਿਆਦਾ ਖਤਰਨਾਕ
ਹੁੰਦੀ ਹੈ
ਅੰਤਰ ਆਤਮਾ ਨਾਲ
ਜੱਦੋ ਜਹਿਦ
ਜਿਉਂਦੇ ਜੀ
ਪਲ ਪਲ ਮਰਨਾ
ਹਰ ਰੋਜ਼
ਅੰਦਰਲਾ ਸੇਕ ਜਰਨਾ
ਲੇਖਾ ਦੇਣਾ
ਹਰ ਇੱਕ ਸਵਾਸ ਦਾ
ਤੇ ਆਪਦੇ ਹੱਥੀਂ
ਸਿਵਾ ਬਾਲਣਾ
ਅਹਿਸਾਸ ਦਾ।
ਜੀ ਹਾਂ !
ਸੰਘਰਸ਼ ਦਾ
ਬਾਹਰੀ ਰੂਪ ਹੀ
ਖਤਰਨਾਕ
ਨਹੀਂ ਹੁੰਦਾ ਸਿਰਫ।



## ਤੂੰ

ਤੂੰ
ਮੇਰੀ ਖੁਸ਼ੀ
ਮੇਰੀ ਉਦਾਸੀ...
ਮੇਰੀ ਪੀੜ
ਮੇਰੀ ਹਾਸੀ...
ਤੇਰੀ ਅੱਖ ਚੋਂ
ਡਿੱਗਿਆ ਇੱਕ
ਹੰਝੂ
ਮੇਰਾ ਦਿਲ ਲੂਹਵੇ
ਕਸਕ ਤੇਰੇ ਮਨ ਦੀ
ਮੇਰਾ ਮਨ ਛੂਹਵੇ।
ਤੂੰ...
ਮੇਰੇ ਅੰਗ ਸੰਗ
ਤੇ ਦੂਰ ਵੀ
ਕਦੇ ਲੱਗਦੀ ਮੇਰੀ
ਸਾਰੀ ਦੀ ਸਾਰੀ
ਕਦੇ ਹੱਥ ਨਾ ਆਵੇਂ
ਨਿਰਾ
ਨੂਰ ਵੀ
ਤੂੰ...।

## ਉਦਾਸ ਆਦਮੀ

ਲੋਕਾਂ ਨੂੰ ਠਹਾਕੇ
ਮਾਰ ਮਾਰ
ਹੱਸਦਿਆਂ ਅਤੇ
ਨਿੱਕੀ ਜਿਹੀ ਗੱਲ ਤੇ
ਖੁਸ਼ ਹੁੰਦਿਆਂ ਤੱਕ
ਉਹ ਹੋ ਜਾਂਦੈ
ਬੇਹੱਦ ਹੈਰਾਨ
ਆਪਣੇ ਅੰਦਰੋਂ
ਖੁਸ਼ੀ ਦੇ
ਸਰੋਤਾਂ ਨੂੰ ਟੋਂਹਦਾ
ਅਤੇ ਹੱਸਣ ਲਈ
ਕੋਈ ਮਾਕੂਲ ਵਜ੍ਹਾ
ਲੱਭਦਾ
ਉਹ ਹੋਰ ਵੀ
ਉਦਾਸ ਹੋ ਜਾਂਦੈ
ਅਕਸਰ...।



## ਉਂਞ ਤਾਂ

ਉਂਞ ਤਾਂ
ਮੀਲਾਂ ਦੀ ਦੂਰੀ
ਪਰ ਫਾਸਲਾ
ਕੁਝ ਕੁ
ਸਾਹਾਂ ਦਾ...
ਸੋਚਾਂ ਦੇ ਪਰ
ਖਿਆਲਾਂ ਦੇ ਘਰ
ਮੇਰੇ ਆਸਪਾਸ
ਸਰਸਰਾਉਂਦੇ
ਤੇਰੀ ਬਾਤ
ਪਾਉਂਦੇ ਪਲ
ਬਾਰਸ਼ ਦੀ
ਪਹਿਲੀ ਬੂੰਦ
ਕੋਈ ਸੱਜਰੀ
ਰੀਝ ਜਿਵੇਂ..।

## ਨਿਸ਼ਬਦ

ਦੋਸਤ
ਪਿਆਰ
ਹਮਸਫਰ
ਰੂਹ
ਪ੍ਰਾਣ...
ਆਖਿਰ ਸ਼ਬਦ ਹੀ
ਤਾਂ ਨੇ ਸਾਰੇ।
ਇਹ ਸ਼ਬਦ
ਬੰਧਨ
ਵਲਗਣ
ਸੀਮਤ... ਦਾਇਰੇ
ਪਰ ਤੂੰ ਤਾਂ
ਅਸੀਮ
ਅਨੰਤ
ਮੌਨ
ਨਿਸ਼ਬਦ...।



## ਮੈਂ ਹਾਂ ਉਦਾਸ ਕਿਉਂ

ਕੀ ਦੱਸਾਂ ਹੁਣ ਦੋਸਤੋ
ਮੈਂ ਹਾਂ ਉਦਾਸ ਕਿਉਂ
ਨੈਣਾਂ 'ਚ ਮੇਰੇ ਨੀਰ ਕਿਉਂ
ਬੁੱਲ੍ਹਾਂ ਤੇ ਪਿਆਸ ਕਿਉਂ।

ਸ਼ੋਖ ਰੰਗ, ਤਿਤਲੀ ਦਾ ਖੰਭ
ਭੌਰੇ ਦੀ ਜੁਸਤਜੂ
ਇੱਕ ਵੀ ਅਦਾ ਭਾਈ ਨਾ ਕਿਉਂ
ਆਈ ਨਾ ਰਾਸ ਕਿਉਂ।

ਖਾਲੀ ਤਲ਼ੀ, ਸੁੰਨੀ ਗਲੀ
ਬੋਟਾਂ ਦਾ ਤੜਪਣਾ
ਤੇਰੇ ਲਈ ਜੇ ਆਮ ਹੈ
ਮੇਰੇ ਲਈ ਖਾਸ ਕਿਉਂ।

ਦੁੱਖਾਂ ਦਾ ਘਰ, ਪੀੜਾਂ ਦਾ ਦਰ
ਬਣ ਗਈ ਹੈ ਜ਼ਿੰਦਗੀ
ਕਿਉਂ ਰੋਜ਼ ਨੱਕ ਮੈਂ ਰਗੜਦਾਂ
ਮੰਗਦਾ ਹਾਂ ਸਵਾਸ ਕਿਉਂ

ਤੋੜੀ ਹੋਣੀ ਵੰਗ ਕੋਈ
ਰੀਝ ਜਾਂ ਸੁਪਨਾ ਕੋਈ
ਉਹ ਸਖਸ਼ ਖੁਦ ਨੂੰ ਵਾਰ ਵਾਰ
ਕਹਿੰਦਾ ਹੈ ਦਾਸ ਕਿਉਂ

ਮਿਟ ਗਈ ਹੁਣ ਪੈੜ ਵੀ
ਹੋ ਗਿਐ ਉਹ ਗ਼ੈਰ ਵੀ
ਫਿਰ ਵੀ ਮੈਂ ਉਸਦੇ ਮੁੜਨ ਦੀ
ਰੱਖਦਾ ਹਾਂ ਆਸ ਕਿਉਂ।
ਕੀ ਦੱਸਾਂ
ਹੁਣ ਦੋਸਤੋ,
ਮੈਂ ਹਾਂ ਉਦਾਸ ਕਿਉਂ।

## ਹਾਲੇ ਬੱਚਾ ਹੈ

ਹਾਲੇ ਬੱਚਾ ਹੈ
ਕਿਉਂਕਿ
ਐਵੇਂ ਛੋਟੀ ਜਿਹੀ
ਗੱਲ ਤੇ
ਹੋ ਜਾਂਦੈ ਖੁਸ਼
ਖਿੜ ਖਿੜ ਹੱਸਦਾ
ਕਿਲਕਾਰੀਆਂ ਮਾਰਦਾ
ਨਿਰਛਲ ਦੇਵ
ਬੋਲਦੈ
ਨਿੱਕੇ ਨਿੱਕੇ
ਤੋਤਲੇ ਜਿਹੇ
ਸ਼ਬਦ
ਅਰਥ ਮਹਾਨ...
ਵੈਰ ਵਿਰੋਧ
ਤੇਰ ਮੇਰ
ਜ਼ਾਤ ਮਜ਼ਹਬ
ਨਫ਼ਾ ਨੁਕਸਾਨ...
ਨਹੀਂ ਪਤਾ
ਬੱਸ
ਇੱਕ ਛਿਣ
ਉਸਦੀ ਦੁਨੀਆਂ
ਮਸਤੀ
ਖੇੜਾ ਖੁਸ਼ੀ
ਦੋ ਕਦਮਾਂ ਵਿੱਚ ਜ਼ਮੀਨ
ਤੇ
ਕਲਾਵੇ 'ਚ ਅਸਮਾਨ...
ਸੁਮੱਚੀ ਕਾਇਨਾਤ
ਕੁਦਰਤ ਰਾਣੀ
ਜ਼ਰ੍ਹਾ ਜ਼ਰ੍ਹਾ



ਬਲਿਹਾਰ ਬਲਿਹਾਰ
..................
ਹਾਲੇ
ਬੱਚਾ ਹੈ
ਸਿੱਖ ਜਾਏਗਾ
ਸਭ ਕੁਝ
ਹੌਲੀ ਹੌਲੀ।

## ਅਕਸਰ ਹੀ ਇੰਝ ਹੁੰਦਾ ਹੈ

ਅਕਸਰ ਹੀ
ਇੰਝ ਹੁੰਦਾ ਹੈ
ਮੌਤ
ਬਰੂਹਾਂ ਤੇ
ਹੁੰਦੀ ਹੈ ਖੜ੍ਹੀ
ਤੇ
ਸਾਨੂੰ ਅਚਾਨਕ ਹੁੰਦੈ
ਅਹਿਸਾਸ ਕਿ
ਅਸੀਂ ਤਾਂ ਹਾਲੇ
ਜੀਵਿਆ ਹੀ
ਨਹੀਂ ਜ਼ਿੰਦਗੀ ਨੂੰ
ਝੋਰਿਆਂ ਦੀ
ਬੁੱਕਲ ਮਾਰ
ਜ਼ਿੰਦਗੀ ਦੀ
ਬਾਜ਼ੀ ਹਾਰ
ਤੁਰ ਜਾਂਦੇ ਹਾਂ
ਅਮੁੱਕ ਸਫ਼ਰ ਤੇ...

ਅਕਸਰ ਹੀ
ਇੰਝ ਹੁੰਦਾ ਹੈ
ਕਿਸੇ ਦੇ ਤੁਰ
ਜਾਣ ਤੋਂ ਬਾਅਦ
ਉਸਦੀਆਂ ਪੈੜਾਂ
'ਚੋਂ ਆਉਣ ਲੱਗ
ਪੈਂਦੀ ਹੈ
'ਮਹਿਕ'
ਸੱਖਣੇਪਣ 'ਚ ਵੀ
ਉੱਗ ਪੈਂਦੇ ਨੇ
ਆਪ ਮੁਹਾਰੇ



ਉਸਦੀਆਂ
ਯਾਦਾਂ ਦੇ ਚਿਹਨ...

ਅਕਸਰ ਹੀ
ਇੰਝ ਹੁੰਦਾ ਹੈ
ਅਸੀਂ ਟੁੱਟ ਜਾਂਦੇ ਹਾਂ
ਅਸੀਂ ਮੁਰਝਾ ਜਾਂਦੇ ਹਾਂ
ਅਸੀਂ ਮਰ ਜਾਂਦੇ ਹਾਂ
ਅੰਦਰੋਂ ਕਿਤੇ
ਤੇ
ਫਿਰ ਮੁੱਦਤਾਂ ਮਗਰੋਂ
ਕੋਈ ਇੱਕ ਅੱਧ
ਮੁਸਕਾਨ
ਕੋਈ ਤੋਤਲੀ
ਜ਼ੁਬਾਨ
ਕੋਈ ਇੱਕ
ਸ਼ਬਦ
ਕੋਈ ਇੱਕ
ਇਸ਼ਾਰਾ
ਸਾਨੂੰ
ਜਿਉਂਦਿਆਂ 'ਚ
ਕਰ ਦਿੰਦੈ
ਤੇ ਨਵੇਂ ਸਿਰਿਓਂ
ਧੜਕ ਪੈਂਦੀ ਹੈ
'ਜ਼ਿੰਦਗੀ'
ਜੀ ਹਾਂ !
ਅਕਸਰ ਹੀ
ਇੰਝ ਹੁੰਦਾ ਹੈ।

## ਜਦੋਂ ਚੁੱਪ ਬੋਲਦੀ ਹੈ

ਅਕਸਰ
ਚੁੱਪ ਨਹੀਂ ਬੋਲਦੀ
ਪਰ
ਜਦ ਵੀ ਕਦੇ
ਚੁੱਪ ਬੋਲਦੀ ਹੈ
ਤਾਂ
ਦਰਦ ਦਾ ਅਨੁਵਾਦ
ਹੁੰਦੀ ਹੈ
ਭਟਕਦੀ ਪਿਆਸ
ਦਾ
ਰੋਮਾਂਚਿਕ ਅਹਿਸਾਸ
ਹੁੰਦੀ ਹੈ
ਹੱਥੋਂ ਤਿਲ੍ਹਕ ਗਏ
ਮੌਕਿਆਂ ਜਾਂ
ਚੋਰੀ ਕੀਤੇ
ਪਲਾਂ ਦੀ ਜਲੂਣ
ਹੁੰਦੀ ਹੈ।

ਅਕਸਰ
ਚੁੱਪ ਨਹੀਂ ਬੋਲਦੀ
ਪਰ ਜਦ ਵੀ ਕਦੇ
ਚੁੱਪ ਬੋਲਦੀ ਹੈ
ਤਾਂ ਸੈਲਾਬ ਹੁੰਦੀ ਹੈ
ਰੁੜ੍ਹ ਜਾਂਦੇ ਨੇ
ਮੁਕਟ
ਖੁਰ ਜਾਂਦੀਆਂ ਨੇ
ਪਦਵੀਆਂ
ਬਗਾਵਤੀ ਸੀਨਿਆਂ
'ਚੋਂ ਨਿਕਲੀ



ਵੰਗਾਰ
ਹੂ-ਬਹੂ
ਇਨਕਲਾਬ ਹੁੰਦੀ ਹੈ।

ਅਕਸਰ
ਚੁੱਪ ਨਹੀਂ ਬੋਲਦੀ
ਪਰ
ਜਦ ਵੀ ਕਦੇ
ਚੁੱਪ ਬੋਲਦੀ ਹੈ
ਤਾਂ
ਅੰਦਰ ਲਹਿ
ਜਾਂਦੀ ਹੈ
ਸਾਹਾਂ ਸੰਗ
ਤਰਦੀ
ਮਹੀਨ ਪਲ਼ਾਂ
ਨੂੰ ਫੜਦੀ
ਦਾਇਰੇ ਤੋਂ
ਬਿੰਦੂਹੋਣ ਦਾ
ਸਫ਼ਰ ਤੈਅ ਕਰਦੀ
ਮਨ ਦਾ ਉਦਾਸ ਕੋਨਾ
ਮੱਲ ਬਹਿ ਜਾਂਦੀ ਹੈ।
ਕਿੰਨਾ ਕੁਝ
ਅਣਕਿਹਾ ਵੀ
ਕਹਿ ਜਾਂਦੀ ਹੈ
ਅਕਸਰ
ਚੁੱਪ ਨਹੀਂ ਬੋਲਦੀ।

## ਫੁੱਲ

ਮਸਲ ਸੁਟਿਐ
ਇੱਕ ਮਹਿਕਦਾ ਫੁੱਲ
ਬਾਗ ਦੇ
ਮਾਲੀਆਂ ਨੇ ਹੀ।

ਸਾਰੀ
ਕੋਮਲਤਾ
ਸੂਖਮਤਾ
ਸੁਗੰਧੀ
ਹੋ ਗਈ ਹੈ
ਮਨਫ਼ੀ
ਉਸਦੇ ਪੂਰਨ
ਵਜੂਦ ਵਿੱਚੋਂ...
ਹੁਣ
ਤਾਂ ਉਹ ਹੈ
ਦਹਿਕਦੀ ਅੱਗ
ਦਾ ਅਕਸ
ਅਣਫਟਿਆ ਜਵਾਲਾਮੁਖੀ
ਚਲਦਾ ਫਿਰਦਾ
ਮਨੁੱਖੀ ਬੰਬ
ਉਹ ਜੋ
ਮਹਿਕਦਾ ਫੁੱਲ
ਸੀ ਕਦੇ।



## ਭਟਕਣ

ਦਿਲਾਂ ਦੀ
ਇਬਾਰਤ ਹੋਰ...
ਖ਼ੁਆਬਾਂ ਦੀ
ਇਮਾਰਤ ਹੋਰ...
ਇੰਦਰੀਆਂ ਦੀ
ਚਾਹਤ ਹੋਰ...
ਭਟਕੇ ਮਨ ਦੀ
ਰਾਹਤ ਹੋਰ...
ਸੰਤੁਸ਼ਟੀਆਂ ਦੀ
ਰਾਹ ਅਲੱਗ...
ਦਿਲਲਗੀਆਂ ਦੀ
ਚਾਹ ਅਲੱਗ...
ਆਪਣੇ ਆਪ
ਤੱਕ ਪਹੁੰਚਣ ਦਾ
ਪੈਂਡਾ
ਬੜਾ ਬਿਖੜਾ !

## ਹੱਥ ਪੈਰ

ਘਰ ਵੱਲ
ਮੁੜਦੇ
ਪੈਰ ਰੁਕੇ
ਹੱਥ ਹਿਲੇ
ਤੇ
ਮਸਲ਼ ਸੁੱਟਿਆ
ਇੱਕ ਟਹਿਕਦਾ
ਸੂਹਾ ਗੁਲਾਬ...
ਪੈਰ ਘਰ
ਪਹੁੰਚੇ ਤੇ
ਹੱਥ ਗਮਲੇ 'ਚ
ਪਾਉਣ ਲੱਗ ਪਏ
ਪਾਣੀ
ਜਿਸ ਵਿੱਚ
ਟਹਿਕ ਰਿਹਾ ਸੀ
ਇੱਕ ਸੂਹਾ ਗੁਲਾਬ।



## ਗ਼ੈਰ ਹਾਜ਼ਰ

ਅੱਜ
ਜਦੋਂ ਕਿ
ਮੇਰੇ ਕੋਲ਼ ਹੈ
ਸਭ ਕੁਝ
ਹਰ ਭੌਤਿਕ ਪਦਾਰਥ
ਜਿਨ੍ਹਾਂ ਦੀ ਖਾਹਿਸ਼ ਸੀ
ਕਦੇ ਮੈਨੂੰ...
ਕੋਠੀ, ਕਾਰ
ਬੈਂਕ ਬਾਕੀ
ਅਤੇ
ਪਿਆਰਾ ਪਰਿਵਾਰ।
ਬੱਸ
ਮੈਂ ਹੀ ਨਹੀਂ ਹਾਂ
ਆਪਣੇ ਆਪ ਕੋਲ
ਅੱਜ
ਜਦੋਂ ਕਿ
ਮੇਰੇ ਕੋਲ ਹੈ
ਸਭ ਕੁਝ।

## ਜ਼ਿੰਦਗੀ ਚੱਲਦੀ ਹੈ

ਚੜ੍ਹੀ ਪੀਂਘ ਦਾ
ਸਿਖਰੋਂ
ਟੁੱਟ ਜਾਣਾ...
ਲੁਕਣ ਮੀਟੀ
ਖੇਡਣ ਉਮਰੇ
ਸਦਾ ਵਾਸਤੇ
ਲੁਕ ਜਾਣਾ...
ਦੁਖਦਾਈ ਹੁੰਦੈ
ਰੂਹ ਦਾ ਰੋਗ
ਪਰ ਬੀਤੇ ਪਲ਼ਾਂ ਦੀ
'ਮਹਿਕ'
ਉਸਦੀਆਂ
ਯਾਦਾਂ 'ਚ
ਗੁਆਚ ਜਾਣ ਦੇ
ਖੁਸ਼ਨੁਮਾ ਪਲ
ਉਸ ਦੇ ਨਾਂ ਹੋ ਕੇ
ਵੀ ਹੋਣ ਦਾ
ਖ਼ੂਬਸੂਰਤ
ਅਹਿਸਾਸ !

ਜ਼ਿੰਦਗੀ ਦੇ ਪਹੀਏ
ਨੂੰ ਰੱਖਦੈ ਘੁੰਮਦਾ
ਗਤੀਸ਼ੀਲ
ਜ਼ਿੰਦਗੀ ਢੋਣ
ਤੇ
ਜ਼ਿੰਦਗੀ ਜਿਊਣ
ਵਿਚਲਾ ਅੰਤਰ
ਸਿਆਹ ਸਫ਼ੈਦ
ਆਕ੍ਰਿਤੀਆਂ



ਬਣ ਉਭਰਦੈ
ਮਨ ਪਰਦੇ ਤੇ
ਦਿਨ ਰਾਤ
ਜ਼ਿੰਦਗੀ ਚੱਲਦੀ ਹੈ।

## ਡੈੱਥ ਸਨਟੈਨਸ

ਕਦ
ਸੋਚਿਆ ਸੀ
ਕਿ
ਮਰਨ ਤੋਂ ਪਹਿਲਾਂ ਵੀ
ਮਰਨਾ ਪਵੇਗਾ
ਏਨੀ ਵਾਰ...
ਹਰ ਰੋਜ਼
ਲਗਾਤਾਰ...
ਕਦ ਸੋਚਿਆ ਸੀ
ਕਿ ਕਰਨਾ ਪਵੇਗਾ
ਸਾਹਮਣਾ
ਚੜ੍ਹਦੇ ਸੂਰਜ ਨਾਲ ਹੀ
ਇੱਕ ਨਵੇਂ
ਡੈੱਥ ਸਨਟੈਨਸ ਦਾ।



## ਲਾਲ ਚੂੜਾ
(ਛੋਟੀ ਉਮਰੇ ਵਿਆਹੀ ਗਈ ਇੱਕ ਵਿਦਿਆਰਥਣ ਦੇ ਨਾਂ)

ਦੋਹਾਂ ਦੀ ਬਾਂਹ ਵਿੱਚ ਚੂੜਾ ਸੀ,
ਉਸ ਚੂੜੇ ਦਾ ਰੰਗ ਗੂੜ੍ਹਾ ਸੀ।

ਇੱਕ ਤਾਂ ਪਾ ਕੇ ਉਸ ਚੂੜੇ ਨੂੰ,
ਵਾਰ-ਵਾਰ ਇਤਰਾਉਂਦੀ ਸੀ।
ਦੂਜੀ ਉਸ ਚੂੜੇ ਨੂੰ ਲੇਕਿਨ,
ਦੁਨੀਆਂ ਕੋਲੋਂ ਲੁਕਾਉਂਦੀ ਸੀ।

ਸੀ ਕੋਈ ਖੇਲ ਨਸੀਬਾਂ ਦਾ,
ਜਾਂ ਘਰ ਦੀ ਕੋਈ ਮਜਬੂਰੀ ਸੀ।
ਖੇਡਣ ਉਮਰੇ ਡੋਲੀ ਪਾ ਤੀ,
ਮਾਪਿਆਂ ਵੱਟ ਕੇ ਘੂਰੀ ਸੀ।

ਨਾਲ ਸਹੇਲੀਆਂ ਨੱਚਦੀ ਟੱਪਦੀ,
ਸਭ ਦਾ ਦਿਲ ਪਰਚਾਉਂਦੀ ਸੀ।
ਉੱਚੀ ਨੀਵੀਂ ਸਭ ਸੁਣ ਲੈਂਦੀ,
ਕਦੇ ਨਾ ਦਿਲ ਨੂੰ ਲਾਉਂਦੀ ਸੀ।

ਨੀਵੀਂ ਪਾ ਉਸ ਹਾਂ ਕਰ ਦਿੱਤੀ,
ਹੁਣ ਵੀ ਉਜਰ ਨਾ ਕੀਤਾ ਸੀ।
ਦਿਲ ਆਪਣੇ ਦਾ ਜ਼ਖਮ ਉਸਨੇ,
ਨਾਲ ਹਉਕਿਆਂ ਸੀਤਾ ਸੀ।

ਛੱਡ ਸਹੇਲੀਆਂ, ਸਾਂਭ ਕਿਤਾਬਾਂ,
ਉਹ ਹੁਣ ਦੁਨੀਆਦਾਰ ਸੀ ਹੋਗੀ।
ਇੱਕ ਸ਼ਕਤੀ ਸੀ ਜਿਸ ਦੇ ਅੰਦਰ,
ਉਹ ਇੱਕ ਅਬਲਾ ਨਾਰ ਸੀ ਹੋਗੀ।

ਇੱਕ ਦਿਨ ਜਦ ਉਹ ਨਾਂ ਕਟਵਾਉਣ
ਸਕੂਲੇ ਆਈ ਹੋਈ ਸੀ।
ਨਵੀਂ ਵਿਆਹੀ ਮੈਡਮ ਨੂੰ ਤੱਕ,
ਉਹ ਹੁਬਕੀਂ ਹੁਬਕੀਂ ਰੋਈ ਸੀ,

ਉਹ ਸੱਚੀਂ ਬੜਾ ਹੀ ਰੋਈ ਸੀ।
ਉਹ ਸੱਚੀਂ ਬੜਾ ਹੀ ਰੋਈ ਸੀ।



## ਵਜੂਦ

ਹਰ ਰਾਤ
ਹਨੇਰੀ ਨਹੀਂ ਹੁੰਦੀ
ਹਰ ਦਿਨ ਵੀ
ਰੌਸ਼ਨ
ਨਹੀਂ ਹੁੰਦਾ...
ਫਿਰਦੀਆਂ ਨੇ ਰੁੱਤਾਂ
ਬਦਲਦੇ ਨੇ ਮੌਸਮ
ਪਰ
ਬਹਾਰ ਹਮੇਸ਼ਾਂ ਹੀ
ਸੂਚਕ ਨਹੀਂ ਹੁੰਦੀ
ਫੁੱਲਾਂ ਦੀ ਆਮਦ ਦੀ।
ਕਾਲ਼ੀਆਂ ਬੋਲ਼ੀਆਂ
ਰਾਤਾਂ ਵਿੱਚ ਵੀ
ਨਸ਼ਿਆਇਆ ਰਹਿੰਦੈ
ਰੂਹ ਦਾ ਪੋਟਾ ਪੋਟਾ
ਤੇ ਕਦੇ
ਚੰਨ ਚਾਨਣੀਂ
ਰਾਤ 'ਚ ਵੀ
ਹੱਥ ਮਾਰਿਆਂ
ਨਹੀਂ ਲੱਭਦਾ
ਆਪਣਾ ਵਜੂਦ।

## ਸਮਰਪਣ

ਹਰ ਕਿਸੇ ਦੇ
ਵੱਸ ਦਾ ਨਹੀਂ
ਆਪਣੇ ਆਪ ਦੇ
ਰੂ-ਬ-ਰੂ ਹੋਣਾ।
ਆਪਣੀ ਹੀ
ਕਾਇਆ
ਦੇ ਤੇਜ਼ਾਬੀ ਧੱਬੇ
ਹੰਝੂਆਂ ਸੰਗ ਧੋਣਾ
ਅਤੇ
ਸਦਾ ਦੀ ਨੀਂਦ
ਸੌਣ ਤੋਂ
ਪਹਿਲਾਂ ਹੀ
ਜਾਗ ਪੈਣਾ।



## ਚਿਹਰਿਆਂ ਤੋਂ ਪਤੇ

ਚਿਹਰਿਆਂ ਤੋਂ ਪਤੇ ਲੱਭਦਾ ਈ ਮਰ ਜਾਏਂਗਾ,
ਕਿ ਪਤਿਆਂ ਵਾਲੇ ਇੰਞ ਸ਼ਰੇਆਮ ਨਹੀਂ ਘੁੰਮਦੇ।

ਸਖ਼ਤ ਮਿਹਨਤ ਲਗਨ ਤੇ ਸਮਝ ਡੂੰਘੀ,
ਨਹੀਂ ਐਵੇਂ ਕਿਤੇ ਇਹ ਅੱਖਰ ਦਿਲਾਂ ਤਾਈਂ ਟੁੰਬਦੇ।

ਬੱਸ ਕੁਝ ਸਮੇਂ ਦੇ ਸਾਥ ਨੂੰ ਕਹਿੰਦੇ ਨਹੀਂ ਯਾਰੀ,
ਰੂਹ ਦੇ ਹਾਣੀ ਤਾਂ ਕਦੇ ਚੇਤਿਆਂ 'ਚੋਂ ਨਹੀਂ ਗੁੰਮਦੇ।

ਇਸਦੇ ਵਿੱਚ ਮੌਸਮ ਦੀ ਸਾਜਿਸ਼ ਵੀ ਹੈ ਜ਼ਰੂਰ,
ਐਵੇਂ ਹੀ ਇਹ ਭੌਰੇ ਕਲੀਆਂ ਨੂੰ ਨਹੀਂ ਚੁੰਮਦੇ।

ਇਸੇ ਕਰਕੇ ਹੀ ਅਸੀਂ ਉਸਦੇ ਸ਼ਹਿਰ ਨੀ ਜਾਂਦੇ,
ਕਿ ਅਮੀਰਾਂ ਦੀ ਬਸਤੀ 'ਚ ਗਰੀਬ ਸ਼ਰੇਆਮ ਨਹੀਂ ਘੁੰਮਦੇ।

## ਸੰਬੰਧ

ਪ੍ਰਭਾਤ ਹੁੰਦੀ ਹੈ
ਸੂਰਜ ਲੈਂਦਾ ਹੈ ਅੰਗੜਾਈ
ਹਨ੍ਹੇਰਾ ਸਮੇਟ ਲੈਂਦਾ ਹੈ
ਆਪਣੇ ਪਰ...
ਪਰਿੰਦੇ
ਭੋਜਨ ਦੇ ਆਹਰ ਵਿੱਚ
ਭਰਦੇ ਨੇ ਉਡਾਰੀ
ਖੁੱਲ੍ਹੇ ਆਕਾਸ਼ ਵਿੱਚ
ਪੈੜਾਂ...
ਤੁਰਦੀਆਂ ਨੇ ਘਰੋਂ
ਰੋਜ਼ੀ ਲਈ
ਵਿਸ਼ਾਲ ਇਮਾਰਤਾਂ ਵੱਲ
ਅੱਖਾਂ...
ਲਟਕ ਜਾਂਦੀਆਂ ਨੇ
ਘਰ ਦੇ ਦਰਵਾਜ਼ੇ ਨਾਲ
ਚੁੱਪ ਚਾਪ...
ਇੱਕ ਟੱਕ...।



## ਉਹ ਕਹਿੰਦਾ ਸੀ

ਉਹ ਜੋ ਕਹਿੰਦਾ ਸੀ
ਮੇਰੇ ਜਿਹਾ ਹੈ ਕੌਣ
ਨਾ ਅਰਸ਼ ਤੇ...
ਨਾ ਫਰਸ਼ ਤੇ...
ਹੈ ਕੋਈ
ਜੋ ਕਰ ਸਕੇ
ਰੀਸ ਮੇਰੀ
ਦੋ ਜਹਾਨ ਅੰਦਰ,
ਪੁੱਛੇ ਬਗੈਰ
ਮੈਥੋਂ ਤਾਂ
ਫਰਕਦਾ ਨਹੀਂ ਹੈ
ਪੱਤਾ ਵੀ...
ਉਹ ਜੋ ਅਕਸਰ
ਕਹਿੰਦਾ ਸੀ
ਏਦਾਂ ਦਾ ਹੀ
ਕਈ ਕੁਝ
ਅੱਜ ਹਾਰ ਗਿਐ
ਸਾਹਾਂ ਦੀ ਬਾਜ਼ੀ
ਹੁਣ ਉਹ
ਮੌਤ ਮੰਜੇ ਤੇ
ਪਿਆ ਹੈ ਅਡੋਲ
........
ਹਵਾ ਚੱਲ ਰਹੀ ਹੈ
ਪੱਤੇ ਫਰਕ ਰਹੇ ਨੇ।

## ਕੱਲ੍ਹ ਤੋਂ

ਬੱਸ
ਹੁਣ ਜ਼ਿੰਦਗੀ
ਜਿਊਣਾ ਸ਼ੁਰੂ ਕਰਾਂਗਾ
ਸਹੀ ਅਰਥਾਂ 'ਚ...
ਨਿੱਕੀਆਂ ਨਿੱਕੀਆਂ
ਗੱਲਾਂ 'ਚੋਂ
ਟੋਲਾਂਗਾ ਖੁਸ਼ੀ...

ਛੱਡ ਦੇਵਾਂਗਾ
ਫਿਕਰਾਂ ਦੀ
ਧੂਣੀ ਸੇਕਣਾਂ
ਐਡੀ ਵੱਡੀ
ਕਾਇਨਾਤ ਨੂੰ
ਤੰਗ ਨਜ਼ਰੀਏ
ਨਾਲ ਦੇਖਣਾ...
ਕੱਲ੍ਹ ਤੋਂ।



## ਪਿਆਸ

ਪਿਆਸ
ਕਿ ਜਿਸਦੇ ਸਾਹਵੇਂ
ਕਦੇ
ਸਾਗਰ ਵੀ
ਲੱਗਦੇ ਸੀ ਊਣੇ
ਅੱਜ
ਇੱਕ ਖਾਰੇ
ਹੰਝੂ
ਨਾਲ ਈ
ਸਰਸ਼ਾਰ ਹੋ ਗਈ।

## ਯਾਦ

ਦਿਲ ਵਿੱਚ ਤੇਰੀ ਯਾਦ
ਬੁੱਲ੍ਹਾਂ ਉੱਤੇ ਤੇਰਾ ਨਾਮ
ਸਾਰੀ ਉਮਰਾਂ ਦੀ ਖੱਟੀ
ਤਾਅਨੇ ਮਿਹਣੇ ਇਲਜ਼ਾਮ।

ਤੇਰੀ ਅਦਾ ਕਰੇ ਜਾਦੂ
ਕਿਵੇਂ ਰੱਖੇ ਕੋਈ ਕਾਬੂ
ਤੈਨੂੰ ਸੁਣਾਂ ਚੁੱਪ ਹੋ ਜਾਂ
ਤੂੰ ਕੋਈ ਰੱਬੀ ਇਲਹਾਮ।

ਕਦੀ ਬੂੰਦ ਬਣ ਜਾਵੇਂ
ਬਣ ਮੇਘ ਕਦੇ ਆਵੇਂ
ਬੇਚੈਨੀਆਂ ਵਧਾਵੇਂ
ਕਿੱਥੇ ਰੂਹਾਂ ਨੂੰ ਆਰਾਮ।

ਨਾ ਕੋਈ ਚੜ੍ਹਦੇ ਦਾ ਪਤਾ
ਨਾ ਹੀ ਡੁੱਬਦੇ ਦੀ ਸਾਰ
ਤੇਰੇ ਰੰਗ ਵਿੱਚ ਰੰਗੀ
ਹਰ ਸੁਬਹ ਹਰ ਸ਼ਾਮ।

ਸਾਨੂੰ ਜਾਣਦਾ ਸੀ ਕੌਣ
ਤੈਨੂੰ ਮਿਲਣ ਤੋਂ ਪਹਿਲਾਂ
ਅਸੀਂ ਹੋਏ ਮਸ਼ਹੂਰ
ਯਾਰਾ ਹੋ ਕੇ ਬਦਨਾਮ।

ਦਿਲ ਵਿੱਚ ਤੇਰੀ ਯਾਦ
ਬੁੱਲ੍ਹਾਂ ਉੱਤੇ ਤੇਰਾ ਨਾਮ।



## ਆਮ

ਮੈਂ ਇਹਨਾਂ 'ਚੋਂ ਇੱਕ ਨਹੀਂ
ਤੇ ਸ਼ਾਇਦ
ਉਹਨਾਂ 'ਚੋਂ ਵੀ ਨਹੀਂ।
ਨਾਂ ਮੈਂ ਇਤਿਹਾਸ
ਨਾਂ ਹੀ ਮਿਥਿਹਾਸ
ਨਾ ਕੋਈ ਭੂਤ ਜ਼ਿਕਰਯੋਗ
ਨਾ ਭਵਿੱਖ
ਦੀ ਹੀ ਆਸ।
ਮੈਂ ਤਾਂ
ਐਵੇਂ ਮਨ ਦੀ ਪੀੜ ਹਾਂ
ਥਾਂ ਥਾਂ ਤੇ
ਜੁੜੀ ਹੋਈ ਭੇਡਾਂ ਦੀ ਭੀੜ ਹਾਂ।
ਇੱਕ ਚਿਹਰਾ
ਪੀਲਾ ਜ਼ਰਦ ਹਾਂ
ਬੱਸ
ਉੱਠਦੀ ਬਹਿੰਦੀ ਗਰਦ ਹਾਂ।
ਮੈਂ ਇਹਨਾਂ 'ਚੋਂ
ਇੱਕ ਨਹੀਂ
ਤੇ ਸ਼ਾਇਦ
ਉਹਨਾਂ ਚੋਂ ਵੀ ਨਹੀਂ
ਨਾਗਰਿਕ
ਹੋਣਾ ਤਾਂ
ਹੋਰ ਗੱਲ ਹੈ।

## ਰੋਗਾਂ ਘਾਣਿ

ਕਈ ਵਰ੍ਹੇ ਗਏ ਨੇ ਗੁਜ਼ਰ
ਅਸਾਨੂੰ ਹੱਥਾਂ ਦੀਆਂ ਲਕੀਰਾਂ ਵਿੱਚੋਂ
ਨਸੀਬ ਖੋਜਦਿਆਂ...
ਪਰ
ਡਾਚੀ ਦੀ ਪੈੜ
ਹੱਥ ਨਾ ਆਈ
ਮੱਥੇ ਦੇ ਮਾਰੂਥਲ 'ਚੋਂ ਕਦੇ ਵੀ।
ਕਈ ਵਰ੍ਹੇ ਗਏ ਨੇ ਗੁਜ਼ਰ
ਅਸਾਨੂੰ ਪੱਥਰਾਂ 'ਚੋਂ
ਰੱਬ ਲੱਭਦਿਆਂ
ਪਰ ਅੰਦਰਲੀ ਟੁੱਟ ਭੱਜ
ਸੂਤ ਨਾ ਹੋਈ
ਤਿਲਕ ਲਵਾਉਣ
ਜਾਂ ਦੇਗ ਕਰਾਉਣ ਨਾਲ
ਕਦੇ ਵੀ।
ਕਈ ਵਰ੍ਹੇ ਗਏ ਨੇ ਗੁਜ਼ਰ
ਅਸਾਨੂੰ ਆਪੇ
ਸੰਗ ਜੂਝਦਿਆਂ
ਪਰ ਖੁਦ ਨੂੰ
ਜਿੱਤ ਨਾ ਹੋਇਆ ਕਦੀ
ਤੇ ਫਿਰ
ਹਾਰ ਦੀ ਸ਼ਰਮਿੰਦਗੀ
ਮਿਟਾਉਂਦੇ ਰਹੇ
ਮਜ਼ਲੂਮ ਤੇ ਜ਼ੁਲਮ ਕਰਕੇ
ਹਮੇਸ਼ਾਂ ਹੀ
ਉੱਠੋ... ਜਾਗੋ... ਮੁੜੋ
ਘਰ ਵੱਲ
ਕਿ ਹਾਲੇ ਸ਼ਾਮ ਨਹੀਂ ਹੋਈ
ਬਣੋਂ ਅਸੀਮ ਊਰਜਾ ਦੇ ਸਰੋਤ



ਕਿਉਂ ਜੋ
ਧਰਤੀ ਕਦੇ ਵੀ
'ਦੀਵੇ'
ਦੁਆਲੇ ਨਹੀਂ ਘੁੰਮਦੀ।

## ਅਨਹਦ

ਜ਼ਿੰਦਗੀ ਸ਼ਿਕਾਇਤ ਬਣੀ
ਖੜ੍ਹੀ ਹੈ ਸਾਹਮਣੇ।
ਜਜ਼ਬਾਤ ਤੇ ਕਾਬਜ਼
ਅਕਲ
ਸੁੱਟ ਚੁੱਕੀ ਹੈ
ਆਖਰੀ ਹਥਿਆਰ।
ਤਾਕਤ ਦਾ ਨਸ਼ਾ...
ਸਮਝ ਦਾ ਮਾਣ...
ਕਮਜ਼ੋਰੀ ਦੀ ਨਮੋਸ਼ੀ...
ਸਭ ਤਰ੍ਹਾਂ ਦੇ ਭਾਵ
ਜ਼ਿੰਦਗੀ ਨੂੰ
ਆਖ ਗਏ ਨੇ
ਅਲਵਿਦਾ
ਹੁਣ ਤਾਂ ਖਿਲਾਅ ਹੈ
ਸਿਰਫ਼
ਤੇ
ਇਸ ਖਿਲਾਅ ਦੀ ਚੀਕ
ਰਹੀ ਹੈ ਗੂੰਜ
ਅੰਦਰ ਬਾਹਰ
ਤੇ ਮੈਂ ਕਰ ਰਿਹਾਂ ਹਾਂ
ਉਡੀਕ
ਕਿਸੇ ਅਨਹਦ ਨਾਦ ਦੀ
ਬਣ ਸਕੇ
ਜੋ ਸ਼ਕਤੀ ਨਾਦ।



## ਕਵਿਤਾ ਨੂੰ ਜਿਉਣਾ

ਕਈ ਵਾਰ
ਇਸ ਤਰ੍ਹਾਂ
ਵਾਪਰਦੈ
ਕਿ
ਕਵਿਤਾ ਜਿਹੇ
ਅਹਿਸਾਸ
ਜ਼ਿਹਨ ਤੇ ਤਾਰੀ
ਹੋ ਜਾਂਦੇ ਨੇ
'ਤੇ
ਮਨ ਮਸਤਕ ਵਿੱਚ
ਤੈਰਨ ਲੱਗਦੇ ਨੇ
'ਸੁਪਨਿਆਂ ਦੇ ਹੰਸ'
ਪਰ
ਹਰਫਾਂ ਦੀ ਜੂਨ
ਪੈਣ ਤੋਂ ਪਹਿਲਾਂ ਹੀ
ਮੇਰੇ ਰੋਮ ਰੋਮ ਤੇ
ਆਪਣੀਆਂ ਯਾਦਾਂ
ਦੇ ਅਮਿੱਟ ਨਕਸ਼
ਛੱਡਦੇ ਹੋਏ
ਹੋ ਜਾਂਦੇ ਨੇ ਵਿਦਾ...
ਤੇ ਉਸ ਤੋਂ ਬਾਅਦ
ਮੈਂ ਪਹਿਲਾਂ ਜਿਹਾ
ਨਹੀਂ ਰਹਿੰਦਾ
ਮੈਂ ਕੁਝ ਹੋਰ ਹੁੰਦਾ ਹਾਂ...
ਤਰੋ ਤਾਜ਼ਾ ਤੇ
ਨਵਾਂ ਨਕੋਰ ਹੁੰਦਾ ਹਾਂ...
ਭਰਿਆ ਭਰਿਆ
ਆਤਮ ਵਿਭੋਰ ਹੁੰਦਾ ਹਾਂ
ਇੱਕ ਐਸਾ ਕਵੀ

ਜਿਸਨੇ ਕਵਿਤਾ
ਲਿਖੀ ਨਹੀਂ
ਸਗੋਂ ਜਿਉਂਈ ਹੁੰਦੀ ਹੈ
ਹੁਣੇਂ...ਹੁਣੇਂ।



## ਕਦ ਕਵਿਤਾ

ਇੱਕ ਦਿਨ
ਕੋਰੇ ਕਾਗਜ਼ ਲੈ ਕੇ
ਦੂਰ ਕਿਤੇ
'ਇਕਾਂਤ' 'ਚ ਬਹਿ ਕੇ
ਲਿਖਣ ਲੱਗਦੈ
ਕਵੀ ਕਵਿਤਾ
ਪੂਰੀ ਤਿਆਰੀ ਨਾਲ
ਪਰ ਕਵਿਤਾ... ਨਦਾਰਦ।
ਕਲਮ ਨੂੰ
ਮੂੰਹ ਵਿੱਚ ਪਾਵੇ ਕਦੇ।
ਦੋ ਚਾਰ ਬੋਲ
ਗੁਣਗੁਣਾਵੇ ਕਦੇ
ਮੱਥਾ ਠਕੋਰੇ...
ਪਹਿਲੂ ਬਦਲੇ...
ਜ਼ੋਰ ਲਗਾਵੇ...
ਪਰ
ਕਵਿਤਾ ਉਹਦੇ
ਕੋਲ ਨਾ ਆਵੇ।
ਅੰਤ ਨੂੰ
ਜਦ ਕਵੀ ਥੱਕ ਜਾਵੇ
ਕੁਝ ਸਮਝ ਨਾ ਆਵੇ
ਖੱਲਮ ਖਾਲੀ
ਘਰ ਮੁੜ ਆਵੇ।

ਰੋਜ਼ੀ ਰੋਟੀ ਦੇ
ਚੱਕਰਾਂ ਵਿੱਚ
ਅੰਕੜਿਆਂ ਵਿੱਚ
ਜਾਂ ਅੱਖਰਾਂ ਵਿੱਚ
ਦੋ ਤੋਂ ਚਾਰ

ਬਣਾਉਂਦੇ ਨੂੰ ਜਦ
ਅਚਾਨਕ
ਅਹਿਸਾਸ ਹੋਇਆ
ਇੱਕ ਕਵਿਤਾ ਵਰਗਾ
ਸੱਜਰਾ ਸੋਹਲ ਕੋਈ
ਸੂਖਮ ਜਜ਼ਬਾ।
ਅੰਤਰ ਮਨ
ਫਿਰ ਰੋਸ਼ਨ ਰੋਸ਼ਨ
ਕਾਗਜ਼ ਕਾਨੀ
ਕੋਲ ਨਾ ਕੋਈ
ਕਵੀ
ਪਰ ਫਿਰ ਵੀ
ਭਰਿਆ ਭਰਿਆ
ਪੂਰਾ ਵਜੂਦ
ਹੀ ਉਸਦਾ
ਕਵਿਤਾ ਬਣਿਆ
ਕਵਿਤਾ ਬਣਿਆ।



## ਵਰਜਿਤ

ਬੜੀ ਕਾਹਲ ਸੀ
ਉਸਨੂੰ ਵਰਜਿਤ ਫਲ
ਖਾਣ ਦੀ...
ਘਰ ਦੀ ਨਜ਼ਰ
ਤੋਂ ਉਹਲੇ
ਕੋਈ ਘਰ ਵਰਗੀ
ਥਾਂ ਬਨਾਣ ਦੀ...
ਕਿਸੇ ਅੱਥਰੇ ਰਿਸ਼ਤੇ
ਤੇ ਕਾਠੀ ਪਾ
ਉਲੰਘਣਾ ਦੀ
ਪਰਿਕਰਮਾ
ਕਰਨ ਚੜ੍ਹਿਆ
ਸੀ ਉਹ...
'ਮਾਸ' ਦੇ
ਜੰਗਲ ਵਿੱਚ ਜਾ ਕੇ
ਪਿਆਸ ਦੇ ਬੁੱਲ੍ਹੀਂ
ਭਟਕਣ ਲਾ ਕੇ
ਪਤਾ ਹੀ ਨਾ
ਲੱਗਿਆ ਕਦ
ਉਹ ਨੀਰ ਤੋਂ
ਰੇਤ ਹੋ ਗਿਆ
ਮਾਸ ਸੋਚਦਾ
ਪਹਿਨਦਾ
ਭੋਗਦਾ
ਚੰਗਾ ਭਲਾ
ਹੀ ਪ੍ਰੇਤ ਹੋ ਗਿਆ...
ਕਿਉਂਕਿ
ਘਰ ਤੋਂ ਪਰ੍ਹੇ
ਘਰ ਵਰਗੀ

ਕੋਈ ਵੀ
ਥਾਂ ਨਹੀਂ ਹੁੰਦੀ...
ਬਦਲੋਟੀਆਂ ਕੋਲ
ਕਦੇ ਵੀ ਸਦਾ ਲਈ
ਛਾਂ ਨਹੀਂ ਹੁੰਦੀ
ਹੁਣ ਚੱਟੇ ਹੋਏ
'ਪੱਥਰ'
ਦੇ ਪਰਛਾਂਵੇਂ
ਬੈਠ ਉਹ
ਘਰ ਵੱਲ ਜਾਂਦੀ
'ਪਗਡੰਡੀ'
ਵੱਲ ਬੜੀ
ਹਸਰਤ ਨਾਲ
ਤੱਕਦੈ..।



## ਉਸ ਸਮੇਂ
(ਮਾਂ ਦੇ ਚਲੇ ਜਾਣ ਸਮੇਂ)

ਆਹ
ਮੈਂ ਬੈਠਾ ਹਾਂ
ਔਹ ਪਰੇ
ਮਾਂ ਪਈ ਹੈ
ਸ਼ਾਂਤ
ਅਹਿੱਲ
ਸਾਹ ਸਤ ਹੀਣ...
ਮੈਂ ਜਾਗ ਰਿਹੈਂ
ਮਾਂ ਸੌਂ ਰਹੀ ਹੈ
ਸਦੀਵੀਂ ਨੀਂਦ...
ਚਾਰੇ ਪਾਸੇ
ਹਨੇਰ ਘੁੱਪ ਹੈ
ਰਾਤ ਬਹੁਤ ਹੀ
ਚੁੱਪ ਹੈ।
ਮੈਂ ਬੜੀ
ਚੰਗੀ ਤਰ੍ਹਾਂ ਜਾਣਦੈ
ਕਿ ਮੇਰੀ ਮਾਂ
ਨੇ ਮੈਨੂੰ
ਹੁਣ ਕਦੀ ਵੀ
ਮੇਰੇ ਮਿੱਠਾ
ਮੇਰਾ ਸੋਨਾ
ਕਹਿ ਕੇ
ਨਹੀਂ ਬੁਲਾਉਣਾ
ਉਸਨੇ ਹੁਣ ਕਦੀ ਵੀ
ਪਰਤ ਕੇ
ਮੇਰੇ ਕੋਲ
ਨਹੀਂਓਂ ਆਉਣਾ
ਪਰ ਫਿਰ ਵੀ
ਪਤਾ ਨਹੀਂ ਕਿਉਂ

ਉਸਦੇ
ਮੁਰਦਾ ਸਰੀਰ ਤੇ ਪਿਆ
ਕੰਬਲ ਮੈਨੂੰ ਹਿੱਲਦਾ
ਜਾਪਦਾ ਹੈ
ਤੇ ਮੈਂ ਇੱਕਦਮ
ਉੱਠ ਕੇ
ਉਸਦੇ ਮੂੰਹ ਤੋਂ
ਪੱਲਾ ਚੁੱਕਦਾ ਹਾਂ
ਤੇ ਤੱਕਦਾਂ ਉਸਦਾ
ਭਾਵਹੀਣ ਚਿਹਰਾ
ਸਹਿਲਾਉਂਦਾ ਹਾਂ
ਠੰਢਾ ਯਖ ਮੱਥਾ
ਉਸੇ ਵਕਤ
ਅਚਾਨਕ
ਮੇਰੇ ਅੰਦਰ
ਇੱਕ ਲੋਰੀ
ਚੀਕ ਬਣ ਫੈਲ ਜਾਂਦੀ ਹੈ
ਤੇ ਕਿਸੇ ਅਸੀਸ ਦਾ
ਗੱਲ਼ ਘੁਟਿਆ
ਜਾਂਦਾ ਹੈ
ਪੈਰਾਂ ਹੇਠਲੀ
ਜ਼ਮੀਨ
ਤਪਣ ਲੱਗਦੀ ਹੈ
ਮੈਂ ਆਪਣੇ ਹਿੱਸੇ
ਦੀ ਛਾਂ
ਲੱਭਦਾ ਲੱਭਦਾ
ਭਟਕ ਜਾਂਦਾ ਹਾਂ
ਖਿਆਲਾਂ ਦੇ
ਰੇਗਿਸਤਾਨ 'ਚ
ਜਿੱਥੇ ਦੂਰ ਦੂਰ
ਤੱਕ



ਛਾਂ ਨਹੀਂ ਹੈ
ਮੇਰੀ ਮਾਂ ਨਹੀਂ ਹੈ।
ਆਹ
ਮੈਂ ਬੈਠਾ ਹਾਂ
ਤੇ ਔਹ ਪਰੇ
ਮਾਂ ਪਈ ਹੈ।

## ਕਾਵਿ-ਚਿੱਤਰ

ਮਹਿਫਲ ਦੇ ਵਿੱਚ 'ਸੋਹੀ' ਜਦ ਤੂੰ ਆ ਜਾਨੈ।
ਹੱਥਾਂ ਅਤੇ ਪੈਰਾਂ ਦੀ ਸਭ ਨੂੰ ਹੀ ਤੂੰ ਪਾ ਜਾਨੈ।

ਕਵਿਤਾ ਗੀਤ ਤੇ ਗ਼ਜ਼ਲਾਂ ਰੰਗ ਆਵਾਜ਼ਾਂ ਦੇ,
ਪਉਣਾ ਕਰਦੀਆਂ ਰੀਸਾਂ ਜਦ ਤੂੰ ਗਾ ਜਾਨੈ।

ਨਹੀਂ ਰੀਸਾਂ ਬਈ ਨਹੀਂ ਰੀਸਾਂ, ਕੰਨੀਂ ਸ਼ੋਰ ਪਵੇ,
ਖੱਟਰ ਕੋਮਲ ਦਿਲ, ਸਭਨਾਂ ਤੇ ਛਾ ਜਾਨੈ।

ਰੰਗ ਜਾਂਦੀ ਹੈ ਮਹਿਫਲ ਤੇਰੇ ਰੰਗਾਂ ਵਿੱਚ,
ਸੁਰ ਸੁਰ ਕਰਦੀਆਂ ਰੂਹਾਂ, ਬੁੱਤ ਬਣਾ ਜਾਨੈ।

ਕੀ ਭੌਰੇ, ਫੁੱਲ, ਕਲੀਆਂ, ਕੋਇਲਾਂ ਬਾਗਾਂ ਵਿੱਚ,
ਸੰਗੀਤ ਸੁਰਾਂ ਦਾ ਸਭ ਤੇ ਰੰਗ ਚੜ੍ਹਾ ਜਾਨੈ।

ਕਹਿ ਕੇ ਖਰੀਆਂ, ਖਰੀਆਂ ਧਰਮ ਸਮਾਜ ਦੀਆਂ,
ਵਿਸ਼ੇ ਵਿਸ਼ੇ ਤੇ ਸਭ ਨੂੰ ਸੋਚਣ ਲਾ ਜਾਨੈ।

ਭਰੂਣ ਹੱਤਿਆ, ਸ਼ੋਸ਼ਣ ਕੁੜੀਆਂ ਚਿੜੀਆਂ ਦਾ,
ਰਹਿਬਰ ਲੀਡਰ ਕੌਮ ਨੂੰ ਲਾਹਨਤ ਪਾ ਜਾਨੈ।

ਸਾਹਿਤ ਵਿੱਚ ਸਿਤਾਰਾ ਬਣ ਕੇ ਆਇਆ ਤੂੰ,
ਪਰ ਗੀਤ, ਗ਼ਜ਼ਲ ਨੂੰ ਸੂਰਜ ਚੰਦ ਬਣਾ ਜਾਨੈ।

ਲਹਿਰ ਲਹਿਰ ਬਣ ਉੱਠਦੇ ਦਰਦ ਨੇ ਸੀਨੇ 'ਚ,
ਸੁਖਨ ਸੁਨਹਿਰੀ ਜਦ ਤੂੰ 'ਤੀਰ' ਚਲਾ ਜਾਨੈ।

-ਸਵ. ਹਰਭਜਨ ਸਿੰਘ 'ਤੀਰ'